ਸਭ ਹਕ ਪ੍ਰਕਾਸ਼ਕ ਦੇ ਅਧੀਨ ਹਨ।

ਸਿੱਖ ਨੈਸ਼ਨਲ ਏਜੰਸੀ ਵਲੋਂ ਪ੍ਰਕਾਸ਼ਤ ਪੁਸਤਕ ਨੰ: ੬੧

ਸਨਾਤਨ ਧਰਮ ਦੀ ਅਮੋਲਕ ਪੁਸਤਕ

# ਸਭ ਤੋਂ ਵਡਾ ਤੇ ਪੂਰਾ

# ਇਕਾਦਸ਼ੀ ਮਹਾਤਮ

## ਭਾਸ਼ਾ ਟੀਕਾ ਕਥਾ ਸਮੇਤ

—:ਜਿਸ ਵਿਚ:—

ਸਾਲ ਭਰ ਦੀਆਂ ੨੪ ਇਕਾਦਸ਼ੀਆਂ ਤੇ ਦੋ ਲੌਂਦ ਮਹੀਨੇ ਦੀਆਂ ਕੁਲ ੨੬ ਇਕਾਦਸ਼ੀਆਂ ਦੇ ਰਖਣ ਦੇ ਮਹਾਤਮ ਅਥਵਾ ਪੁੰਨ ਦਾ ਫਲ ਵਿਸ਼ਤਾਰ ਪੂਰਬਕ ਲਿਖਆ ਹੈ।

LAHORE. LIBRARY.

ਜੋ

ਸ੍ਰੀ ਮਾਨ ਲਾਲਾ ਰਾਮ ਦਾਸ ਵਧਵੇ ਤੋਂ ਗੁਰਮੁਖੀ ਅੱਖਰਾਂ ਵਿਚ ਉਲਥਾ ਕਰਵਾਇਆ।

ਪ੍ਰਕਾਸ਼ਕ!

## ਭਾ: ਬੂਟਾ ਸਿੰਘ ਪ੍ਰਤਾਪ ਸਿੰਘ

ਪੁਸਤਕਾਂ ਛਾਪਣ ਤੇ ਵੇਚਣ ਵਾਲੇ, ਮਾਲਕ ਸਿੱਖ ਨੈਸ਼ਨਲ ਏਜੰਸੀ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ.

(ਕੇਵਲ ਟਾਈਟਲ) ਗੁਰਦਿਆਲ ਸਿੰਘ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ

ਪੈਹਲੀ ਵਾਰ ੧੦੦੦ ਮੁਲ ੧)

ਸ੍ਰੀ ਗਣੇਸ਼ਾਯਨਮ: ॥

# ਅਥ ਇਕਾਦਸ਼ੀ ਮਹਾਤਮ ਭਾਖਾ ਲਿਖਯਤੇ

## ਇਕਾਦਸ਼ੀ ਬਰਤ ਦਾ ਫਲ

ਬਹੁਤ ਪੁਰਾਣੇ ਸਮੇਂ ਦੀ ਬਾਤ ਹੈ ਕਿ ਇਕ ਵਾਰ ਫੇਰ ਸਾਰੇ ਰਿਖਿਆਂ ਦੀ ਮੰਡਲੀ ਤੀਰਥ ਅਸਥਾਨ ਪਰ ਬੈਠੀ ਸੀ, ਤਦ ਉਨ੍ਹਾਂ ਰਿਖਿਆਂ ਨੇ ਸੂਤ ਜੀ ਨੂੰ ਪੁਛਿਆ ਹੇ ਮਹਾਰਾਜ ! ਲੋਕ ਜੋ ਇਕਾਦਸ਼ੀਆਂ ਦੇ ਵਰਤ ਰਖਦੇ ਹੈਨ ਇਨ੍ਹਾਂ ਵਰਤਾਂ ਕਰਕੇ ਉਨ੍ਹਾਂ ਨੂੰ ਕਿਆ ਲਾਭ ਹੁੰਦਾ ਹੈ ? ਰਿਖਿਆਂ ਦੀ ਬਾਤ ਸੁਣਕੇ ਸੂਤ ਜੀ ਬੋਲੇ ਹੇ ਰਿਖਿਓ ! ਤੁਸੀ ਸੁਨੋ ਇਕਾਦਸ਼ੀਆਂ ਦੇ ਵਰਤ ਸਾਰੇ ੨੬ ਹੁੰਦੇ ਹੈਨ ਬਾਰਾਂ ਮਹੀਨਿਆਂ ਦੇ ੨੪ ਅਤੇ ਤੀਸਰੇ ਵਰੇ ਜਦ ਥਿਤਾਂ ਦੇ ਵਾਧੇ ਘਾਟੇ ਨੂੰ ਪੂਰਾ ਕਰਨ ਵਾਸਤੇ ਲੌਂਦ ਦਾ ਮਹੀਨਾ ਆ ਜਾਂਦਾ ਹੈ ਤਾਂ ਉਸ ਲੌਂਦ ਮਾਸ ਦੀਆਂ ਰਲਕੇ ਸਾਰਿਆਂ ਛਬੀ ਬਨਦੀਆਂ ਹੈਨ ਜਿਨ੍ਹਾਂ ਦੇ ਨਾਮ ਏਹ ਹੈਨ ਸੋ ਧਿਆਨ ਨਾਲ ਸੁਣੋ:–

੧-ਉਤਪਨਾਂ। ੨-ਮੋਖਦਾ। ੩-ਸਫਲਾ । ੪-ਪੁਤ੍ਰਦਾ (ਪੁਤ੍ਰ ਦੇਨ ਵਾਲੀ) ੫-ਖਟਤਿਲਾ (ਇਸ ਵਿਚ ਤਿਲ ਮਨਸਨ ਅਤੇ ਖਾਨ ਦਾ ਮਹਾਤਮ ਹੈ) ੬-ਜਯਾ (ਜੈ ਦੀ ਦੇਨ ਵਾਲੀ ਹੈ) ੭-ਵਿਜਯਾ ਧਨ ਸਮੇਤ ਜੈ ਦੀ ਦੇਨ ਵਾਲੀ। ੮-ਆਮਲਾ। ੯-ਪਾਪ ਮੋਚਨੀ। ੧੦-ਕਾਮਦਾ (ਕਾਮਨਾ ਪੂਰੀ ਕਰਨ ਵਾਲੀ) ੧੧-ਵਰੂਪਿਨੀ । ੧੨-ਮੋਹਿਨੀ ।੧੩-ਅਪਰਾ। ੧੪-ਨਿਰਜਲਾ(ਨਮਰਨੀ) ੧੫-ਯੋਗਨੀ । ੧੬-ਦੇਵਸ਼ੈਨੀ । ੧੭-ਪਵਿਤ੍ਰਾ ।

1017

੧੮-ਪ੍ਰਬੋਧਾ । ੧੯-ਅਜਾ । ੨੦-ਪਰਵਰਤਨੀ । ੨੧-ਇੰਦ੍ਰਾ । ੨੨-ਪਾਪ ਅੰਕੁਸ਼ਾ । ੨੩-ਰਮਾਂ । ੨੪-ਹਰਿਪਰਬੋਧਨੀ ਜਾਂ ਦੇਵ ਉਤਥਾਪਿਨੀ।

ਏਹ ਉਪਰ ਲਿਖਿਆਂ ੨੪ ਇਕਾਦਸ਼ੀਆਂ ਪਰਸਿੱਧ ਹੈਨ ਜਿਨ੍ਹਾਂ ਵਿਚੋਂ ਹਰ ਇਕ ਦੇ ਵਰਤ ਦਾ ਮਹਾਤਮ ਅਪਨੀ ੨ ਥਾਂ ਤੇ ਆਵੇਗਾ ਅਤੇ ਜੋ ਦੋ ਲੌਂਦ ਮਾਸਦੀਆਂ ਹੈਨ ਉਨ੍ਹਾਂ ਵਿਚੋਂ ਇਕ ਦਾ ਨਾਮ ਪਦਮਨੀ ਔਰ ਦੂਈ ਦਾ ਨਾਮ ਪਰਮਾਂ ਹੈ॥ ੧-੬॥

ਇਕਾਦਸ਼ੀਆਂ ਦੇ ਵਰਤ ਰਖਨ ਦਾ ਉਜਾਪਨ ਵੀ ਕੀਤਾ ਜਾਂਦਾ ਹੈ, ਪਰ ਜੇ ਸਮਰਥ ਨਾਂ ਹੋਵੇ ਤਾਂ ਐਵੇਂ ਵੀ ਵਰਤ ਰਖਨੇ ਭਲਾ ਹੈ॥

ਫੇਰ ਸੂਤ ਜੀ ਬੋਲੇ ਹੇ ਰਿਖਿਓ ! ਪੁਰਾਨੇ ਸਮੇਂ ਵਿਚ ਸ੍ਰੀ ਕਿਸ਼ਨ ਭਗਵਾਨ ਨੇ ਬੜੀ ਵਿਧਿ ਅਨੁਸਾਰ ਇਸ ਵਰਤ ਨੂੰ ਕੀਤਾ ਹੈ ਉਸਨੂੰ ਭਲੀ ਪਰਕਾਰ ਸੁਨੋਂ ਮੈਂ ਆਪ ਲੋਕਾਂ ਨੂੰ ਸੁਨਾਉਂਦਾ ਹਾਂ ॥ ੧ ॥ ਕਿਉਂਕਿ ਏਹ ਵਰਤ ਸੰਸਾਰ ਦੇ ਅਪਾਰ ਦੁਖਾਂ ਤੋਂ ਛੁਡਾਨ ਵਾਲਾ ਹੈ। ਔਰ ਇਸ ਵਰਤ ਦੇ ਕਰਨ ਵਾਲਾ ਅਨੇਕ ਸੰਸਾਰਿਕ ਸੁਖ ਭੋਗਕੇ ਅੰਤ ਵਿਚ ਮਰਕੇ ਸ੍ਰੀ ਵਿਸ਼ਨੂੰ ਭਗਵਾਨ ਦੇ ਲੋਕ ਨੂੰ ਜਾਂਦਾ ਹੈ ॥ ੨ ॥

# ਮਘਰ ਮਹੀਨੇ ਦੇ ਹਨੇਰੇ ਪਖ ਦੀ ਉਤਪਨਾ ਇਕਾਦਸ਼ੀ ਦੀ ਕਥਾ

ਅਰਜਨੋ ਵਾਚ ॥ ਅਰਜੁਨ ਸ੍ਰੀ ਕਿਸ਼ਨ ਭਗਵਾਨ ਤਾਈਂ ਬੋਲੇ ਹੇ ਜਨਾਰਧਨ ਜੀ ! ਉਪਵਾਸ ਕਰਨਾ ਅਤੇ ਇਕ ਵਾਰ ਭੋਜਨ ਕਰਨ ਦਾ ਕੀਹ ਫਲ ਹੈ ? ਔਰ ਕਿਸ ਵਿਧ ਨਾਲ ਕਰਨਾ ਚਾਹੀਏ ਸੋ ਕਿਰਪਾ ਕਰਕੇ ਕਹਿਏ ਜੀ ॥ ੩ ॥

ਸ੍ਰੀਕ੍ਰਿਸ਼ਨ ਭਗਵਾਨੋਂ ਵਾਚ ॥ਭਗਵਾਨ ਬੋਲੇ ਹੇ ਅਰਜੁਨ !ਹੇਮੰਤ ਰੁਤ ਦੇ ਆਰੰਭ ਵਿਚ ਮਹੀਨੇ ਦੇ ਚਾਨਨੇ ਪਖ ਵਿਚ ।ਇਕਾਦਸ਼ੀ ਦੇ ਦਿਨ ਵਰਤ ਕਰੇ ॥ ੪ ॥ ਦਸਮੀ ਦੀ ਰਾਤ ਨੂੰ ਦਾਤਨ ਕਰੇ ਸੁਧ ਪਵਿਤ੍ਰ ਰਹੇ । ਇਕਾਦਸ਼ੀ ਵਾਲੇ ਦਿਨ ਪਰਾਤਾ ਕਾਲ (ਤੜਕੇ) ਉਠਕੇ ਦਰਿਯਾ ਤੇ ਅਸ਼ਨਾਨ ਕਰੇ ਜੇ ਦਰਿਯਾ ਨਾ ਹੋਵੇ ਤਾਂ ਨਦੀ ਨਾਲੇ ਵਗਦੇ ਪਵਿਤਰ ਜਲ ਵਿਚ ਸ਼ਨਾਨ ਕਰੇ ਜੇ ਓਹ ਵੀ ਨਾ ਕਰ ਸਕੇ ਤਾਂ ਖੂਹ ਪਰ ਜਾਕੇ ਕਰੇ ਜੇ ਖੂਹ ਤੇ ਵੀ ਨਾਂ ਕਰ ਸਕੇ ਤਾਂ ਫੇਰ ਆਪਨੇ ਘਰ ਵਿਚ ਹੀ ਕਰਕੇ ਮਨੋਂ ਧਾਰੇ ਕੇ ਅਜ ਦਾ ਵਰਤ ਹੇ ਹਰਿ ਜੀ ! ਮੇਰਾ ਨਿਰਵਿਘਨ ਪੂਰਾ ਹੋਵੇ ॥ ੫ ॥ ੭ ॥ ਫੇਰ ਹਥ ਜੋੜਕੇ ਪ੍ਰਭੂ ਅਗੇ ਬੇਨਤੀ ਕਰੇ ਕੇ ਹੇ ਭਗਵਾਨ ! ਮੇਰੇ ਪਹਿਲੇ ਜਨਮ ਦੇ ਕਠੇ ਕੀਤੇ ਹੋਏ ਪਾਪਾਂ ਨੂੰ ਤੁਸੀ ਦੂਰ ਕਰੋ । ਤੁਹਾਡੇ ਦੂਰ ਕੀਤੇ ਹੋਏ ਪਾਪਾਂ ਦੇ ਪਰਤਾਪ ਕਰਕੇ ਮੈਂ ਆਪਦੇ ਪਰਮ ਧਾਮ ਨੂੰ ਜਾਵਾਂਗਾ ॥ ੮ ॥ ੯ ॥ ਸ਼ਨਾਨ ਕਰਨ ਲਗਿਆਂ ਪਹਿਲੋਂ ਆਪਨੇ ਸਭ ਅੰਗਾਂ ਨੂੰ ਮਿਟੀ ਨਾਲ ਸੁਧ ਕਰੇ ਔਰ ਮੂੰਹੋਂ ਪਰਮੇਸਰ ਦਾ ਨਾਮ ਅਥਵਾ ਸਤਗੁਰਾਂ ਦਾ ਉਚਾਰਦਾ ਰਹੇ ॥ ੧੦ ॥ ਪਾਪੀ ਪਖੰਡੀ ਝੂਠ ਬੋਲਨ ਵਾਲੇ ਨਕੰਮਾਂ ਬਕਵਾਸ ਕਰਨ ਵਾਲੇ ਦੇਵਤਾ ਵੇਦ ਬ੍ਰਾਹਮਨ ਸਤਿਗੁਰ ਦੇ ਨਿੰਦਕਾਂ ਨਾਲ ਗਲ ਬਾਤ ਨਾਂ ਕਰੇ, ਦੁਰਾਚਾਰੀ ਅਪਨੀ ਮਾਂ ਭੈਣ ਦੇ ਸੰਗੀ ਨਾਲ ॥ ੧੧॥ ਤਥਾ ਦੂਸਰੇ ਪੁਰਖ ਦੀ ਇਸਤ੍ਰੀ ਦੇ ਸੰਗੀ ਨਾਲ ਪਰਾਈ ਦੌਲਤ ਦੇ ਚੋਰ ਨਾਲ ਸੰਗਤ ਨਾਂ ਕਰੇ । ਜੇਕਰ ਇਨਾਂ ਵਿਚੋਂ ਕਿਸੇ ਨੂੰ ਦੇਖ ਲਵੇ ਤਾਂ ਸੂਰਜ ਭਗਵਾਨ ਦਾ ਦਰਸ਼ਨ ਕਰਕੇ ਗੁਨਾਹ ਬਖਸ਼ਾਵੇ ॥ ੧੨ ॥ ਇਸਤੋਂ ਪਿਛੇ ਆਦਰ ਸੈਹਤ ਨੈਈਵੇਦ ਆਦਿ ਭਗਵਾਨ ਦੀ ਮੂਰਤਿ ਅਗੇ ਰਖਕੇ ਪੂਜਾ ਕਰੇ ਅਤੇ ਭਗਤਿ ਪੂਰਬਕ ਜੋਤ ਜਗਾਵੇ ਧੂਪ ਧੁਖਾਵੇ ॥ ੧੩ ॥ ਹੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.